**ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ: 1, ਭਵਨ ਤੇ ਮਾਰਗ ਸ਼ਾਖਾ, ਪਟਿਆਲਾ**
**ਈ-ਮੇਲ eepd1ptapwdpb@gmail.com Ph. No. 0175-2356435**

ਵਲੋਂ

ਉਪ ਮੰਡਲ ਇੰਜੀਨੀਅਰ,
ਉਪ ਮੰਡਲ ਲੋ.ਨਿ.ਵਿ.ਭ ਤੇ ਮ ਸ਼ਾਖਾ,
ਪਟਿਆਲਾ।

ਵੱਲ

ਪ੍ਰਿੰਸੀਪਲ
ਦਿਕਸ਼ਾਂਤ ਗਲੋਬਲ ਸਕੂਲ
ਸਾਵਿਤਰੀ ਗ੍ਰੀਨ, ਜੀਰਕਪੁਰ
ਤਹਿ, ਡੇਰਾਬੱਸੀ, ਐਸ.ਏ. ਐਸ.ਨਗਰ
ਮੀਮੋ ਨੰ. ਮਿਤੀ

**ਵਿਸ਼ਾ:** **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਾਲ 2021-22 ਤੋਂ 2028-29**

**ਹਵਾਲਾ:** **ਆਪ ਦਾ ਪੱਤਰ ਨੰ. SSS/ADM/2021-22/4431 ਮਿਤੀ 03-07-2021**

•••••••

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਦੇ ਸਕੂਲ ਦਿਕਸ਼ਾਂਤ ਗਲੋਬਲ ਸਕੂਲ, ਜੀਰਕਪੁਰ, ਜਿਲ੍ਹਾ ਐਸ.ਏ.ਐਸ.ਨਗਰ(ਮੋਹਾਲੀ) ਦੀ ਬਿਲਡਿੰਗ ਦਾ ਇਸ ਦਫਤਰ ਦੇ ਸ੍ਰੀ ਕੰਵਲਪ੍ਰੀਤ ਸਿੰਘ, ਜੂਨੀਅਰ ਇੰਜੀਨੀਅਰ ਨੇ ਨਿਰੀਖਣ ਕੀਤਾ ਹੈ, ਨਿਰੀਖਣ ਕਰਨ ਉਪਰੰਤ ਜੂਨੀਅਰ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਉਕਤ ਬਿਲਡਿੰਗ ਸੇਫ ਹੈ। ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਅਤੇ ਸ੍ਰੀ ਕੰਵਲਪ੍ਰੀਤ ਸਿੰਘ, ਜੂਨੀਅਰ ਇੰਜੀਨੀਅਰ ਦੀ ਰਿਪੋਰਟ ਦੇ ਅਧਾਰ ਤੇ ਆਪ ਨੂੰ ਉਪਰੋਕਤ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2021-22 ਤੋਂ 2028-29 ਤੱਕ 8 ਸਾਲ ਦੇ ਸਮੇਂ ਲਈ 31-03-2029 ਤੱਕ 8 ਸਾਲ ਦੇ ਸਮੇਂ ਲਈ 31-03-2029 (ਇਕੱਤੀ ਮਾਰਚ ਦੋ ਹਜਾਰ ਉਣੱਤੀ) ਤੱਕ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਪੰਜਾਬ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨ ਦੇ ਪਿੱਠ ਅੰਕਣ ਨੰ. 5/13/2018-3BR3/1294287/3 ਮਿਤੀ: 10-08-2018 ਰਾਹੀਂ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਅਤੇ ਹੇਠ ਦਰਸਾਈਆਂ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ ਕਿ: -

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ. ਬਿਲਡਿੰਗ ਦੇ ਸਟਕਚਰਲ ਡਿਜ਼ਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜਿੰਮੇਵਾਰ ਹੋਵੇਗੀ।

2) ਜੇਕਰ ਸਕੂਲ ਅਥਾਰਟੀ ਵਲੋਂ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਅਡੀਸ਼ਨ / ਅਲਟਰੇਸ਼ਨ ਅਤੇ ਮੋਡੀਵਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਵਲੋਂ ਦੁਬਾਰਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3) ਜੇਕਰ ਬਿਲਡਿੰਗ ਨੂੰ ਹੜ੍ਹ ਜਾਂ ਭੂਚਾਲ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਂਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4) ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ /ਸਕੂਲ ਦੀ ਹੋਵੇਗੀ ਅਤੇ ਹਰ ਸਾਲ ਟੈਕਨੀਕਲ ਕੁਆਲੀਫਾਈਡ ਸਟਰਕਚਰ ਇੰਜੀਨੀਅਰ ਵਲੋਂ ਉਕਤ ਇਮਾਰਤ ਦਾ ਤਸਦੀਕਸ਼ੁਦਾ ਫਿਟਨੈੱਸ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

5) ਅੱਗ ਬੁਝਾਊ ਯੰਤਰ ਸਬੰਧਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬਖਸ਼ ਅਤੇ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ। ਆਪ ਹਰ ਸਾਲ ਸਬੰਧਿਤ ਵਿਭਾਗ ਤੋਂ ਫਾਇਰ ਸੇਫਟੀ ਸਰਟੀਫਿਕੇਟ ਲੈਣ ਉਪਰੰਤ ਇਸ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

6) ਪੰਜਾਬ ਸਰਕਾਰ ਵਲੋਂ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਸ਼ਰਤਾਂ/ ਨੋਟੀਫਿਕੇਸ਼ਨਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ। ਜੇਕਰ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਵੈਧਤਾ ਦੌਰਾਨ ਕਦੇ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਹਿੱਤ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਆਪ ਇਸ ਵਧੀ ਹੋਈ ਫੀਸ ਨੂੰ ਉਸ ਸਮੇਂ ਤੋਂ ਇਸ ਉਪ ਮੰਡਲ ਦਫਤਰ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

7) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

ਉਪਰੋਕਤ ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ, ਜੇਕਰ ਆਪ ਵਲੋਂ ਕੋਈ ਵੀ ਅਣਗਹਿਲੀ/ ਢਿੱਲ ਵਰਤੀ ਜਾਂਦੀ ਹੈ ਤਾਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਤੁਰੰਤ ਸਮੇਂ ਤੋਂ ਰੱਦ ਸਮਝਿਆ ਜਾਵੇਗਾ।

**ਨੱਥੀ/ ਸਰਟੀਫਿਕੇਟ**

**ਉਪ ਮੰਡਲ ਇੰਜੀਨੀਅਰ**
**ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,**
**ਪਟਿਆਲਾ।**

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰਬਰ 2, ਲੋ.ਨਿ.ਵਿ.ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ-4431 ਮਿਤੀ 03-07-2021 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਉਪ ਮੰਡਲ ਇੰਜੀਨੀਅਰ**
**ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,**
**ਪਟਿਆਲਾ।**

Office of the Executive Engineer, Provincial Division No. 1, Bhawan & Marg Branch, Patiala
Email eepd1ptapwdpb@gmail.com Ph. No.0175-2356435

By

Sub Divisional Engineer,
Sub-Division Lo.NIVIB and M Branch,
Patiala

Towards

The principal
Dikshant Global School
Savitri Green, Zirakpur
Teh, Derabassi, S.A. S. Nagar

Memo no. The date

**Subject:** **Issue of School Building Safety Certificate for the year 2021-22 to 2028-29**
**Reference:** **Your letter no. SSS/ADM/2021-22/4431 dated 03-07-2021**

*******

Regarding the above matter, the building of your school Dikshant Global School, Zirakpur, District SAS Nagar (Mohali) has been inspected by Mr. Kanwalpreet Singh, Junior Engineer of this office, according to the report of the Junior Engineer after the inspection. The said building is safe. In respect of the letter under reference and based on the report of Mr. Kanwalpreet Singh, Junior Engineer, you are entitled to the above School Building Safety Certificate for a period of 8 years from the year 2021-22 to 2028-29 for a period of 8 years up to 31-03-2029. Issued up to 31-03-2029 (March Thirty One Two Thousand Twenty Nine). This certificate is issued by the Punjab Government as the back number of the notification no. In view of the instructions issued vide 5/13/2018-3BR3/1294287/3 Dated: 10-08-2018 and subject to the following conditions is hereby issued that:-

1) The internal structural stability of a school building cannot be checked from its external appearance. So if at any time. If there is damage to the building due to deficiencies in the structural design of the building, then the school authority itself will be responsible.
2) If any kind of addition/alteration and modification is done in the building by the school authority, it should be done under the supervision of a technically qualified engineer and a certificate should be obtained from that engineer that the addition/alteration and modification of the building structurally It will be safe and after this work, the school will get the school building safety certificate again.
3) If the building is damaged by flood or earthquake and there is any settlement in walls/foundations and sagging in roofs, the school authority will immediately bring it to the notice of this department.
4) The entire responsibility of safety in all aspects of the building will be your institution / school and you will be bound to submit the certified fitness certificate of the said building to this office every year after getting the certified fitness certificate from the technically qualified structural engineer.
5) Fire extinguishers should be in satisfactory and working condition as per the instructions of concerned department. You will be bound to submit the fire safety certificate in this office every year after getting the fire safety certificate from the concerned department.
6) It will be ensured to follow the instructions/conditions/notifications issued by the Punjab Government from time to time in future. If at any time during the validity of this Building Safety Certificate, the fee for issuance of Building Safety Certificate is increased as per the instructions of the Government, then you will be bound to deposit this increased fee in this Sub-Divisional Office from that time.
7) This certificate will not be valid for any legal cases.

It should be ensured that the above conditions are followed, if there is any negligence/laxation on your part, then this Building Safety Certificate will be considered canceled immediately.

NOTARY PUBLIC ADVOCATE ZIRAKPUR MOHALI GOVT. OF INDIA
ATTESTED TO BE TRUE COPY
NOTARY (GOVT. OF INDIA) ZIRAKPUR, SAS NAGAR

**Attached/Certificate**

Verified in or True Translated copy from English Punjabi, Hindi/Urdu

**Sub Divisional Engineer**
**Sub Division PWD B&R Branch,**
**Patiala**

A copy of the above is sent to Sub Divisional Engineer Provincial Sub Division No. 2, PWD B&R Branch, Patiala in reference to their letter No-4431 dated 03-07-2021 for information.

0 6 JUL 2023

**Sub Divisional Engineer**
**Sub Division PWD B&R Branch,**
**Patiala**